ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਈਮੇਲ ਆਈ.ਡੀ deose.bathinda@punjabeducation.gov.in

ਵੱਲ

ਪ੍ਰਿੰਸੀਪਲ
ਸਸਸਸ ਬਠਿੰਡਾ।

ਪੱਤਰ ਨੰਬਰ ਜੀ-5/1()/2024/1471 ਮਿਤੀ ਬਠਿੰਡਾ : 03/12/2024

ਵਿਸ਼ਾ:- ਡਾ. ਅੰਬੇਦਕਰ ਪੋਰਟਲ ਤੇ ਵਿਦਿਆਰਥੀਆਂ ਦੀਆਂ ਐਪਲੀਕੇਸ਼ਨਾਂ ਨੂੰ ਸੈਕਸ਼ਨ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ ਸਟੂਡੈਂਟਸ ਵਜ਼ੀਫਾ ਸਕੀਮ ਤਹਿਤ ਵਿਦਿਆਰਥੀਆਂ ਵੱਲੋਂ ਡਾ. ਅੰਬੇਦਕਰ ਪੋਰਟਲ ਤੇ ਵਜ਼ੀਫੇ ਲਈ ਅਪਲਾਈ ਕੀਤਾ ਗਿਆ ਹੈ, ਜਿਹਨਾਂ ਦੀਆਂ ਐਪਲੀਕੇਸ਼ਨਾ ਨੂੰ ਆਪ ਦੀ ਸੰਸਥਾ ਵੱਲੋਂ ਪ੍ਰੋਸੈਸ ਕਰਨ ਉਪਰੰਤ ਸੈਕਸ਼ਨ ਲਈ ਭੇਜਿਆ ਗਿਆ ਹੈ। ਨਾਲ ਨੱਥੀ ਸ਼ਡਿਊਲ ਅਨੁਸਾਰ ਮਿਤੀ 07-12-2024, 09-12-2024 ਅਤੇ 10-12-2024 ਨੂੰ ਸਵੇਰੇ 09-30 ਵਜੇ ਸਹੀ ਕਰਤਾ ਦੇ ਦਫਤਰ ਵਿਖੇ ਵਜ਼ੀਫਾ ਸ਼ਾਖਾ ਕਮਰਾ ਨੰ 457, ਤੀਜੀ ਮੰਜ਼ਿਲ, ਮਿਨੀ ਸੈਕਟ੍ਰੀਏਟ ਬਠਿੰਡਾ ਵਿਖੇ ਇਹਨਾਂ ਐਪਲੀਕੇਸ਼ਨਾਂ ਨੂੰ ਸੈਕਸ਼ਨ ਕੀਤਾ ਜਾਣਾ ਹੈ।ਇਸ ਲਈ ਸੈਕਸ਼ਨ ਕਰਵਾਉਣ ਲਈ ਹੇਠ ਲਿਖੇ ਦਸਤਾਵੇਜ਼ ਪ੍ਰਤੀ ਵਿਦਿਆਰਥੀ ਨਾਲ ਲਿਆਂਦੇ ਜਾਣ।ਇਹਨਾਂ ਐਪਲੀਕੇਸ਼ਨਾ ਨੂੰ ਹੇਠ ਅਨੁਸਾਰ ਕਮੇਟੀ ਵੱਲੋਂ ਸੈਕਸ਼ਨ ਕੀਤਾ ਜਾਣਾ ਹੈ।

ਨੋਟ :- ਸਬੰਧਤ ਸੰਸਥਾ ਨੂੰ ਨਿਰਧਾਰਤ ਕੀਤੀ ਮਿਤੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਕੋਈ ਵੀ ਫਾਰਮ ਸੈਕਸ਼ਨ ਨਹੀ ਕੀਤਾ ਜਾਵੇਗਾ।ਨਿਰਧਾਰਤ ਮਿਤੀ/ਸਮੇਂ ਤੇ ਵਜੀਫਾ ਸੈਕਸ਼ਨ ਨਾ ਕਰਵਾਉਣ ਦੀ ਸੂਰਤ ਵਿੱਚ ਨਿਰੋਲ ਜਿਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) ਬਠਿੰਡਾ	ਚੇਅਰਮੈਨ
ਸਬੰਧਤ ਤਹਿਸੀਲ ਭਲਾਈ ਅਫਸਰ ਬਠਿੰਡਾ	ਕਨਵੀਨਰ
ਸਬੰਧਤ ਸੰਸਥਾ ਮੁੱਖੀ	ਮੈਂਬਰ

ਵਿਦਿਆਰਥੀ ਦੇ ਲੋੜੀਦੇ ਦਸਤਾਵੇਜ਼

ਵਿਦਿਆਰਥੀ ਦੇ ਆਨਲਾਈਨ ਐਪਲੀਕੇਸ਼ਨ ਫਾਰਮ ਜਿਸ ਉੱਪਰ ਵਿਦਿਆਰਥੀ ਦੀ ਨਵੀਨਤਮ (Latest) ਪਾਸਪੋਰਟ ਸਾਈਜ਼ ਫੋਟੋ ਚਿਪਕਾ ਕੇ ਅਟੈਸਟ ਕੀਤੀ ਹੋਵੇ। ਫੋਟੋ ਨੂੰ ਸਟੈਪਲ ਨਾ ਕੀਤਾ ਜਾਵੇ।

1. ਤਹਿਸੀਲਦਾਰ ਵੱਲੋਂ ਜਾਰੀ ਆਮਦਨ ਸਰਟੀਫਿਕੇਟ ਦੀ ਅਟੈਸਟਡ ਕਾਪੀ ਸਾਲ 2023।ਰਿਨਿਊਵਲ ਕੇਸਾਂ ਵਿੱਚ ਫਰੈਸ਼ ਅਪਲਾਈ ਕਰਨ ਸਮੇਂ ਦਾ ਆਮਦਨ ਸਰਟੀਫਿਕੇਟ ਅਤੇ ਮੋਜੂਦਾ ਸਾਲ ਦਾ ਆਮਦਨ ਸਬੰਧੀ ਸਵੈ ਘੋਸ਼ਣਾ ਪੱਤਰ।
2. ਸਮੱਰਥ ਅਥਾਰਟੀ ਵੱਲੋਂ ਜਾਰੀ ਜਾਤੀ ਸਰਟੀਫਿਕੇਟ ਦੀ ਅਟੈਸਟਡ ਕਾਪੀ।
3. ਵਿਦਿਆਰਥੀ ਦੇ ਅਧਾਰ ਕਾਰਡ ਦੀ ਸਕੈਨਡ ਅਤੇ ਅਟੈਸਟਡ ਕਾਪੀ (ਪੋਰਟਲ ਡਿਟੇਲ ਨਾਲ ਮੇਲ ਖਾਂਦੀ)।
4. ਵਿਦਿਆਰਥੀ ਦੇ ਰੈਜੀਡੈਂਸ ਸਰਟੀਫਿਕੇਟ ਦੀ ਅਟੈਸਟਡ ਕਾਪੀ।
5. ਮਾਤਾ ਅਤੇ ਪਿਤਾ ਦੇ ਅਧਾਰ ਕਾਰਡ ਦੀ ਕਾਪੀ ਸਮੇਤ ਘਰ ਦਾ ਪਤਾ।
6. ਸੈਸ਼ਨ 2023-24 ਦੌਰਾਨ ਪਾਸ ਕੀਤੀ ਜਮਾਤ ਦੀ ਡੀ.ਐਮ.ਸੀ ਦੀ ਅਟੈਸਟਡ ਕਾਪੀ।
7. ਵਿਦਿਆਰਥੀ ਦੀ ਹਾਜ਼ਰੀ ਰਿਪੋਰਟ।
8. ਵਿਦਿਆਰਥੀ ਵੱਲੋਂ ਦਿੱਤੀ ਜਾਣ ਵਾਲੀ ਅੰਡਰਟੇਕਿੰਗ (ਪੋਰਟਲ ਅਨੁਸਾਰ)।
9. ਕਿਸੇ ਹੋਰ ਸਕੀਮ ਵਿੱਚ ਵਜ਼ੀਫਾ ਅਪਲਾਈ ਨਾ ਕੀਤੇ ਹੋਣ ਸਬੰਧੀ ਸਰਟੀਫਿਕੇਟ।
10. ਵਿਦਿਆਰਥੀ ਦੀ ਬੈਂਕ ਪਾਸ ਬੁੱਕ ਦੀ ਕਾਪੀ ਸਮੇਤ ਆਈ.ਐਫ.ਐਸ.ਸੀ ਕੋਡ, ਜੋ ਅਕਾਊਂਟ ਨੰਬਰ ਪੋਰਟਲ ਤੇ ਭਰਿਆ ਹੈ।
11. ਰਿਨਿਊਵਲ ਕੇਸ ਵਿੱਚ ਵਿਦਿਆਰਥੀ ਦਾ ਸੈਸ਼ਨ 2023-24 ਦਾ ਐਪਲੀਕੇਸ਼ਨ ਫਾਰਮ ਦੀ ਕਾਪੀ

ਨੋਟ : ਵਿਦਿਆਰਥੀ ਦੇ ਦਸਤਾਵੇਜ਼ ਚੈੱਕ ਲਿਸਟ ਅਨੁਸਾਰ ਹੀ ਲਗਾਏ ਜਾਣ।

ਇਸ ਤੋ ਇਲਾਵਾ ਸੰਸਥਾ ਵੱਲੋਂ ਵੀ ਦਫਤਰ ਨੂੰ ਆਪਣੇ ਸਕੂਲ ਦੀ ਇੱਕ ਫਾਈਲ ਜਮ੍ਹਾ ਕਰਵਾਈ ਜਾਣੀ ਹੈ, ਜਿਸ ਵਿੱਚ ਹੇਠ ਲਿਖੇ ਦਸਤਾਵੇਜ਼ ਜਮ੍ਹਾ ਕਰਵਾਏ ਜਾਣ।

1. ਕਵਰਿੰਗ ਲੈਟਰ ਜੋ ਕਿ ਸੈਕਸ਼ਨਿੰਗ ਅਥਾਰਟੀ ਦੇ ਚੇਅਰਮੈਨ ਨੂੰ ਸੰਬੋਧਿਤ ਹੋਵੇ।
2. ਸੰਸਥਾ ਮੁੱਖੀ ਵੱਲੋਂ ਦਿੱਤਾ ਹਲਫੀਆ ਬਿਆਨ/ਅੰਡਰਟੇਕਿੰਗ (ਨਾਲ ਨੱਥੀ ਨਮੂਨੇ ਅਨੁਸਾਰ)।
3. ਡਰਾਫਟ ਪਰਪੋਜ਼ਲ ਦੀ ਕਾਪੀ ਜੋ ਪੋਰਟਲ ਤੇ ਉਪਲਬਧ ਹੈ ਅਤੇ ਐਪਲੀਕੇਸ਼ਨ ਦੀਆਂ ਲਿਸਟਾਂ।(ਡਾਟਾ ਲਾਕ ਕਰਨ ਉਪਰੰਤ ਡਰਾਫਟ ਪਰਪੋਜ਼ਲ)
4. ਸੰਸਥਾ ਵੱਲੋਂ ਲਈਆਂ ਜਾਂਦੀਆਂ ਫੀਸਾਂ ਦਾ ਵੇਰਵਾ (ਲੈਟ ਪੈਡ ਤੇ) ਅਤੇ ਸਰਕਾਰ ਵੱਲੋਂ ਪ੍ਰਵਾਨਿਤ ਫੀਸ ਸਟਰਕਚਰ ਦੀ ਕਾਪੀ।
5. ਸੈਸ਼ਨ 2023-24 ਦੇ ਰਿਜਲਟ/ਗਜ਼ਟ ਦੀ ਕਾਪੀ

03/12/24
ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਬਠਿੰਡਾ
3/12/24

Scanned with OKEN Scanner

ਨੋਟ: ਇਸ ਪੇਜ਼ ਵਿੱਚ ਸਿਰਫ ਸੰਸਥਾ ਦਾ ਨਾਂ ਭਰ ਕੇ ਪ੍ਰਿੰਸੀਪਲ ਦੇ ਹਸਤਾਖਰ ਸਮੇਤ ਲੈ ਕੇ ਆਉਣਾ ਹੈ ਇਸ ਵਿੱਚ ਵਿਦਿਆਰਥੀਆਂ ਦਾ ਡਾਟਾ ਦਫਤਰ ਵਿਖੇ ਆ ਕੇ ਹੀ ਆਪ ਵੱਲੋਂ ਭਰਿਆ ਜਾਵੇਗਾ।

ਵਿਸ਼ਾ: ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਕੇਸ ਪ੍ਰਵਾਨ ਕਰਨ ਬਾਰੇ। ਸਾਲ 2023-24

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਰਗ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਮਿਤੀ 22.09.2017 ਨੂੰ ਜਾਰੀ ਕੀਤੇ ਨੋਟੀਫਿਕੇਸ਼ਨ ਨੰ: 3/28/17-ਐਸ.ਏ.1/1963 ਅਨੁਸਾਰ, ਪੋਸਟ ਮੈਟ੍ਰਿਕ ਸਕਾਲਰਸਿਪ ਟੂ ਐਸ.ਸੀ. ਐਂਡ ਓ.ਬੀ.ਸੀ. ਸਟੂਡੈਂਟਸ ਸਕੀਮ ਅਧੀਨ ਸਬ-ਡਵੀਜ਼ਨ ਪੱਧਰ ਤੇ ਨਿਮਨਲਿਖਤ ਸੈਕਸ਼ਨਿੰਗ ਕਮੇਟੀਆ ਗਠਨ ਕੀਤੀਆਂ ਗਈਆਂ ਹਨ:-

Degree colleges, non technical, technical, Polytechnic and medical, management and universities (Govt./Pvt.)		
1	D.E.O (S.E) Bathinda	Chairperson
2	Principal concerned institution (Govt./Pvt.)/ representative of, University	Member
3	Tehsil Welfare Officer Bathinda	Convener

ਸੰਸਥਾ ਦਾ ਨਾਂ ..... ਸੰਸਥਾ ਵੱਲੋਂ ਸਕੀਮ ਅਧੀਨ ਮੁਹੱਈਆਂ ਕਰਵਾਏ ਗਏ ਦਸਤਾਵੇਜ਼ ਸਾਲ 2024-25 ਦੌਰਾਨ ਵੱਖ-ਵੱਖ ਕੋਰਸਾਂ ਵਿੱਚ ਦਾਖਲਾ ਪ੍ਰਾਪਤ ਵਿੱਦਿਆਰਥੀਆਂ ਵੱਲੋਂ ਆਨ-ਲਾਈਨ ਅੱਪਲੋਡ ਕੀਤੇ ਸਕਾਲਰਸ਼ਿਪ ਫਾਰਮਾਂ ਦੀ ਕੀਤੀ ਗਈ ਪੜਤਾਲ/ਵੈਰੀਫਿਕੇਸ਼ਨ ਕਰਨ ਉਪਰੰਤ ਯੋਗ, ਆਯੋਗ ਅਤੇ ਰੱਦ ਪਾਏ ਗਏ ਵਿੱਦਿਆਰਥੀ ਸਬੰਧਤ ਸੰਸਥਾ ਦੀ ਤਸਦੀਕ ਤੇ ਅਧਾਰਿਤ ਹਨ। ਉਕਤ ਪੈਰਾ ਨੰ: 1 ਵਿੱਚ ਅੰਕਿਤ ਨੋਟੀਕਿਸ਼ਨ ਮਿਤੀ 22.09.2017 ਅਨੁਸਾਰ ਉਕਤ ਸੰਸਥਾ ਮੁਖੀ ਜੋ ਕਿ ਕਮੇਟੀ ਮੈਂਬਰ ਨੰ: 2 ਤੇ ਹੈ, ਨੇ ਬਤੌਰ ਕਮੇਟੀ ਮੈਂਬਰ ਵੀ ਸਕੀਮ ਦੇ ਨਿਯਮਾਂ/ਨਾਰਮਜ਼ ਅਨੁਸਾਰ ਕਲੇਮ ਦੀਆਂ ਦਰਾ ਪ੍ਰਵਾਨਿਤ ਹੋਣ ਬਾਰੇ ਕੀਤੀ ਤਸਦੀਕ ਦੇ ਅਧਾਰ ਤੇ ਹੇਠ ਲਿਖੇ ਅਨੁਸਾਰ ਸਰਕਾਰ ਵੱਲੋਂ ਨਿਰਧਾਰਤ ਅੰਤਿਮ ਮਿਤੀ 10-12-2024 ਤੱਕ ਐਸ.ਸੀ./ਓ.ਬੀ.ਸੀ. ਦੇ ਵਿੱਦਿਆਰਥੀਆਂ ਦੇ ਸਕਾਲਰਸ਼ਿਪ ਸਬੰਧੀ ਕਲੇਮ ਲਈ ਗਠਿਤ ਕਮੇਟੀ, ਦੇ ਸਨਮੁੱਖ ਸਾਂਝੇ ਤੌਰ ਤੇ ਪ੍ਰਵਾਨਗੀ ਲਈ ਪੇਸ਼ ਕੀਤੇ ਗਏ ਹਨ ਜੀ:-

ਲੜੀ ਨੰ:	ਸੰਸਥਾ ਦਾ ਨਾਂ	ਪੋਰਟਲ ਤੇ ਅੱਪਲੋਡ ਵਿੱਦਿਆਰਥੀਆਂ ਦੀ ਗਿਣਤੀ			ਰੱਦ ਵਿੱਦਿਆਰਥੀਆਂ ਦੀ ਗਿਣਤੀ		ਪ੍ਰਵਾਨਤ ਵਿੱਦਿਆਰਥੀਆਂ ਦੀ ਗਿਣਤੀ		ਵਿਸ਼ੇਸ਼ ਕਥਨ
		Type	SC	OBC	SC	OBC	SC	OBC	
		Fresh							
		Renewal							
		Total :							

ਉਕਤ ਸੰਸਥਾ ਵੱਲੋਂ ਪੇਸ਼ ਕੀਤੀ ਗਈ ਅੰਤਿਮ ਤਜਵੀਜ਼ ਸਕੀਮ ਦੇ ਨਾਰਮਜ਼/ਸਮੇਂ-ਸਮੇਂ ਜਾਰੀ ਹਦਾਇਤਾਂ ਅਨੁਸਾਰ ਪੋਰਟਲ ਤੇ ਅਪਲੋਡ ਕੀਤੇ ਰਿਕਾਰਡ ਅਨੁਸਾਰ ਅਤੇ ਸੰਸਥਾ ਦੇ ਪ੍ਰਿੰਸੀਪਲ/ਮੁਖੀ ਵੱਲੋਂ ਪੇਸ਼ ਕੀਤੇ ਗਏ ਰਿਕਾਰਡ ਦੇ ਆਧਾਰ ਤੇ ਤਸਦੀਕ ਕਰਨ ਉਪਰੰਤ ਉਕਤ ਵੇਰਵੇ ਅਨੁਸਾਰ ਕਲੇਮ ਪ੍ਰਵਾਨ ਕੀਤੇ ਜਾਂਦੇ ਹਨ। ਵਿਭਾਗ ਜਾਂ ਕਿਸੇ ਆਡਿਟ ਪਾਰਟੀ ਵੱਲੋਂ ਭਵਿੱਖ ਵਿੱਚ ਚੈਕਿੰਗ ਦੌਰਾਨ ਜੇਕਰ ਕੋਈ ਪ੍ਰਵਾਨਤ ਕਲੇਮ ਗਲਤ ਪਾਇਆ ਜਾਵੇਗਾ ਤਾਂ ਸਬੰਧਤ ਸੰਸਥਾ ਦੇ ਪ੍ਰਿੰਸੀਪਲ/ਮੁਖੀ/ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਆਦਿ ਦੀ ਨਿਰੋਲ ਜਿੰਮੇਵਾਰ ਹੋਵੇਗੀ ਅਤੇ ਕਾਨੂੰਨੀ ਕਾਰਵਾਈ ਦੇ ਭਾਗੀਦਾਰ ਹੋਣਗੇ। ਇਸਤੋਂ ਇਲਾਵਾ ਹੋਈ ਅਦਾਇਗੀ ਵਿਆਜ਼ ਸਹਿਤ ਵਾਪਸ ਕਰਨ ਲਈ ਪਾਬੰਦ ਹੋਣਗੇ। ਕਿਸੇ ਵੀ ਕਿਸਮ ਦੀ ਲਿਟੀਗੇਸ਼ਨ ਦੀ ਸੂਰਤ ਵਿੱਚ ਸੰਸਥਾਂ ਖੁਦ ਪੈਰਵਾਈ ਕਰੇਗੀ।

ਸੰਸਥਾ ਦਾ ਮੁਖੀ/ਪ੍ਰਿੰਸੀਪਲ,
-ਕਮ-ਮੈਬਰ

ਤਹਿਸੀਲ ਭਲਾਈ ਅਫ਼ਸਰ
-ਕਮ-ਕਨਵੀਨਰ

ਜ਼ਿਲਾ ਸਿੱਖਿਆ ਅਫਸਰ (ਸੈ.ਸਿ.),ਬਠਿੰਡਾ
-ਕਮ-ਚੇਅਰਮੈਨ

Scanned with OKEN Scanner